# ਵਿਚਾਰਧਾਰਾ, ਰਾਜ-ਪ੍ਰਬੰਧ, ਪ੍ਰਵਚਨ ਤੇ ਸਾਹਿਤ

ਹਰਵਿੰਦਰ ਸਿੰਘ



ਪ੍ਰਵਚਨ ਦੀ ਪਰਿਭਾਸ਼ਾ, ਵਿਚਾਰਧਾਰਾ, ਰਾਜ ਦੀਆਂ ਸੰਰਚਨਾਤਮਕ ਸ਼ਕਤੀਆਂ ਅਤੇ ਗਿਆਨਕਾਰੀ ਮੰਡਲ ਦਾ ਅਰਥ-ਪ੍ਰਬੰਧ, ਸਾਹਿਤ ਅਤੇ ਪ੍ਰਵਚਨ ਦੇ ਆਪਸੀ ਤਾਲ-ਮੇਲ ਆਦਿ ਨੂੰ ਪ੍ਰਵਚਨ ਦਾ ਆਧਾਰ ਮੰਨਿਆ ਗਿਆ ਹੈ। ਪੱਛਮੀ ਚਿੰਤਨ ਦੇ ਪ੍ਰਸੰਗ ਵਿਚ ਵਿਚਾਰਧਾਰਾ, ਰਾਜ ਦਾ ਮੁਹਾਂਦਰਾ, ਸਾਹਿਤ ਦੇ ਮਸਲੇ ਪੰਜਾਬੀ-ਭਾਰਤੀ ਪ੍ਰਬੰਧ ਨਾਲੋਂ ਮੂਲੋਂ ਹੀ ਭਿੰਨ ਹੈ। ਹਰੇਕ ਸਮਾਜ ਵਿਚ ਪ੍ਰਭਾਵਕਾਰੀ ਸ਼ਕਤੀਆਂ ਅਤੇ ਕਾਰਜਸ਼ੀਲ ਵਿਚਾਰਧਾਰਾ ਆਪਣੇ ਹਿੱਤਾਂ ਅਤੇ ਵਿਸ਼ੇਸ਼ ਸੰਦਰਭਾਂ ਵਿਚੋਂ ਪ੍ਰਵਚਨ ਦੀ ਘਾੜਤ ਕਰਦੀਆਂ ਹਨ ਤੇ ਪ੍ਰਵਚਨ ਨੂੰ ਲਾਗੂ ਕਰਨ ਲਈ ਵਿਚਾਰਧਾਰਕ ਉਪਕਰਨਾਂ, ਤੰਤਰਾਂ ਦਾ ਸਹਾਰਾ ਲੈਂਦੀਆਂ ਹਨ। ਮਿਸਾਲ ਵਜੋਂ ਅਸੀਂ ਵਿਚਾਰਧਾਰਾ ਅਤੇ ਸੱਤਾ ਦੇ ਪ੍ਰਵਚਨ ਦਾ ਮੁਹਾਂਦਰਾ ਤਲਾਸ਼ ਸਕਦੇ ਹਾਂ। ਪੰਜਾਬੀ-ਭਾਰਤੀ ਸਮਾਜ ਵਿਚ ਮਰਦ ਦੀ ਔਰਤ 'ਤੇ ਸਿਰਦਾਰੀ, ਉੱਚ ਵਰਗ ਦੀ ਨਿਮਨ-ਦਲਿਤ ਤੇ ਦਾਬੇ ਵਾਲੀ ਸੁਰ, ਬਹੁ-ਗਿਣਤੀ ਘੱਟ ਗਿਣਤੀਆਂ 'ਤੇ ਆਪਣੀ ਧੌਂਸ ਬਣਾਈ ਰੱਖਦੀ ਹੈ। ਇਹ ਪੰਜਾਬੀ-ਭਾਰਤੀ ਸਮਾਜ ਦੀ ਵਿਚਾਰਧਾਰਾ ਅਤੇ ਰਾਜ ਦੇ ਪ੍ਰਵਚਨ ਦੇ ਨਕਸ਼ ਹਨ ਜਿਸ ਨੂੰ ਵੱਖੋ-ਵੱਖਰੀਆਂ ਉਤਪਾਦਨੀ ਸ਼ਕਤੀਆਂ ਅਤੇ ਪ੍ਰਭਾਵਕਾਰੀ ਸ਼ਕਤੀਆਂ, ਵਿਸ਼ੇਸ਼ ਸਥਿਤੀਆਂ 'ਚ ਆਪਣੇ ਕਦਰ ਪ੍ਰਬੰਧ ਰਾਹੀਂ ਮਾਨਸਿਕ ਧਰਾਤਲ ਨੂੰ ਸਿਰਜਦੀਆਂ ਹਨ।


## ਵਿਚਾਰਧਾਰਾ ਤੇ ਰਾਜ

(ਲੂਈ ਅਲਥਿਊਸਰ ਦੇ ਚਿੰਤਨ ਦੇ ਪ੍ਰਸੰਗ 'ਚ)

ਲੂਈ ਅਲਥਿਊਸਰ ਫ਼ਰਾਂਸੀਸੀ ਕਮਿਊਨਿਸਟ ਦਾਰਸ਼ਨਿਕ ਚਿੰਤਕ ਸੀ ਜਿਸ ਨੇ ਆਪਣੀਆਂ ਪ੍ਰਭਾਵਸ਼ਾਲੀ ਧਾਰਨਾਵਾਂ ਨਾਲ ਮਾਰਕਸਵਾਦੀ ਦਰਸ਼ਨ ਦੀ ਤਿੱਖੇ ਢੰਗ ਨਾਲ ਵਿਆਖਿਆ ਕੀਤੀ। ਇਸ ਵਿਆਖਿਆ ਨੇ ਮਾਰਕਸਵਾਦੀ ਦਰਸ਼ਨ ਤੋਂ ਸੇਧ ਲੈ ਕੇ ਸਥਾਪਤੀ ਦੇ ਰਾਹ ਤੁਰੀਆਂ ਕਮਿਊਨਿਸਟ ਪਾਰਟੀਆਂ ਨੂੰ ਨੁਕੀਲੇ ਸੁਆਲਾਂ ਦੇ ਸਨਮੁੱਖ ਖੜ੍ਹਿਆਂ ਕੀਤਾ। ਲੂਈ ਅਲਥਿਊਸਰ ਦੇ ਚਿੰਤਨ ਦੀਆਂ ਧਾਰਨਾਵਾਂ ਕਲਾਸੀਕਲ



ਮਾਰਕਸਵਾਦ ਨੂੰ ਪ੍ਰਸ਼ਨ ਚਿੰਨ੍ਹਤ ਕਰਦੀਆਂ ਹਨ। ਅਲਥਿਊਸਰ ਦੀ ਪਹੁੰਚ ਵਿਧੀ ਮਾਰਕਸ ਦੀਆਂ ਕਿਰਤਾਂ ਦੀ ਆਪਣੇ ਸਮਕਾਲ ਦੇ ਪ੍ਰਸੰਗ ਵਿਚ ਵਿਆਖਿਆ ਨੂੰ ਉਸਾਰਦੀਆਂ ਹਨ। ਆਪਣੀਆਂ ਧਾਰਨਾਵਾਂ ਨੂੰ ਸਪੱਸ਼ਟ ਤੇ ਪ੍ਰਸੰਗਿਕ ਬਣਾਉਣ ਲਈ ਸਮਾਜ ਸ਼ਾਸਤਰ, ਮਾਨਵ ਵਿਗਿਆਨ, ਨਾਰੀਵਾਦ ਅਤੇ ਸਭਿਆਚਾਰਕ ਵਿਗਿਆਨ ਵਿਕਾਸ ਨੂੰ ਵੀ ਖੰਘਾਲਦਾ ਹੈ। ਉਹ ਆਪਣੇ ਸਮਿਆਂ ਦੀ ਪ੍ਰਚੱਲਿਤ ਪਹੁੰਚ ਦ੍ਰਿ ਸੰਰਚਨਾਵਾਦ ਨੂੰ ਮਾਰਕਸਵਾਦ ਨਾਲ ਜੋੜ ਕੇ ਇਕ ਵੱਖਰੀ ਪੜ੍ਹਤ ਤਿਆਰ ਕਰਦਾ ਜਿਸ ਨੂੰ ਬਾਅਦ ਵਿਚ ਜਾ ਕੇ ਸੰਰਚਨਾਵਾਦੀ ਮਾਰਕਸਵਾਦ ਅਤੇ ਨਵ-ਮਾਰਕਸਵਾਦ ਦੇ ਨਾਂ ਨਾਲ ਜਾਣਿਆ ਗਿਆ। ਅਲਥਿਊਸਰ ਨੇ ਮਾਰਕਸਵਾਦ ਦੀ ਪਨਰ ਪੜ੍ਹਤ ਤਿਆਰ


Registration No. 61948/95
ਸਾਹਿਤ
SAMKALI SAHIT
Literary Punjabi Quarterly, New Delhi, April - June, 2020

# ਸਮਕਾਲੀ ਸਾਹਿਤ

ਅੰਕ 100

ਅਪ੍ਰੈਲ - ਜੂਨ 2020

ਸੰਪਾਦਕ
ਬਲਬੀਰ ਮਾਧੋਪੁਰੀ

ਪੰਜਾਬੀ ਸਾਹਿਤ ਸਭਾ
ਨਵੀਂ ਦਿੱਲੀ ਦਾ ਪ੍ਰਕਾਸ਼ਨ

**ਸਮਕਾਲੀ ਸਾਹਿਤ**
Samkali Sahit (Quarterly)
A publication of Punjabi Sahit Sabha, New Delhi
**April - June 2020**